This question paper contains 1 printed page)

Roll No.

Sl. No of Question Paper: 5007

Unique Paper Code: 212181

E

Name of the Paper: Punjabi A

Name of the Course: B. Com (Prog.) Punjabi

Semester: I

Duration : 3 hrs

Max. Marks : 75

ਨੋਟ : ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਲਾਜ਼ਮੀ ਹਨ।

1. ਹੇਠ ਦਿੱਤੀਆਂ ਕਵਿਤਾਵਾਂ ਵਿਚੋਂ ਕਿਸੇ ਇਕ ਦਾ ਆਲੋਚਨਾਤਮਕ- ਸਾਰ ਲਿਖੋ : 15

ੳ) ਨਿੱਕਾ ਰੱਬ।

ਅ) ਗੱਜਣ ਸਿੰਘ ਦੀ ਵਾਰ।

ੲ) ਹੁਣ ਘਰਾਂ ਨੂੰ ਪਰਤਣਾਂ।

2. ਹੇਠ ਲਿਖੀਆਂ ਕਾਵਿ-ਟੁੱਕੜੀਆਂ ਵਿਚੋਂ ਕੋਈ ਦੋ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : 20

ੳ) ਸਰਦ ਸਰਦ ਪਰ ਛੁਹਿਆਂ ਤੈਨੂੰ
ਰੂਹ ਸਰੂਰ ਵਿਚ ਆਵੇ
ਗਹਿਰ ਗੰਭੀਰ ਅਡੋਲ ਸੁਹਾਵੇ।
ਤੈਂ ਕਿਹਾ ਜੋਗ ਕਮਾਇਆ?

ਅ) ਉਦੋਂ ਹਾਜ਼ਰ ਸਾਂ ਮੈਂ
ਤੇਰੀ ਤੱਕਣੀ ਜਦੋਂ ਛਿਲਤੀ ਕਿਰਨ ਵਾਂਗੂੰ
ਮੇਰੇ ਵਿਰਲਾਂ 'ਚ ਅੰਦਰ ਝਾਕਦੀ ਸੀ।
ਮੇਰੇ ਅੰਦਰ ਜੋ ਇਕ ਸੂਰਜ ਜਿਹਾ ਤੂੰ ਬਾਲ ਧਰਿਆ ਸੀ
ਉਹਦੇ ਚਾਨਣ 'ਚ ਮੇਰੀ ਹਉਂ ਵਿਆਕੁਲ ਸੀ
ਮੈਂ ਆਪਣੇ ਆਪ ਨੂੰ ਪੁਛਦਾ ਪਿਆ ਸਾਂ
ਮੇਰੇ ਧੜ ਤੇ ਮੇਰਾ ਸਿਰ ਹੈ ਜਾਂ ਸਿਰ ਦਾ ਦੰਭ ਹੈ
ਜੋ ਵਿਖਾਇਆ ਤਾਂ ਜਾ ਸਕਦਾ ਹੈ
ਵਰਤਿਆ ਬਿਲਕੁਲ ਨਹੀਂ ਜਾਂਦਾ।

ੲ) ਮੇਰਾ ਵੀ ਇਹ ਦਿਲ ਕਰਦਾ ਏ
ਰੁੱਖ ਦੀ ਜੂਨੇ ਆਵਾਂ
ਜੇ ਤੁਸੀਂ ਮੇਰਾ ਗੀਤ ਹੈ ਸੁਣਨਾ
ਮੈਂ ਰੁੱਖਾਂ ਵਿਚ ਗਾਵਾਂ
ਰੁੱਖ ਤਾਂ ਮੇਰੀ ਮਾਂ ਵਰਗੇ ਨੇ
ਜਿਉਣ ਰੁਖਾਂ ਦੀਆਂ ਛਾਵਾਂ।

3 ਆਧੁਨਿਕ ਪੰਜਾਬੀ ਕਵਿਤਾ ਦੇ ਆਰੰਭ ਅਤੇ ਵਿਕਾਸ ਬਾਰੇ ਚਰਚਾ ਕਰੋ। 15

ਜਾਂ

ਆਧੁਨਿਕ ਪੰਜਾਬੀ ਕਵਿਤਾ ਦੀਆਂ ਪ੍ਰਵਿਰਤੀਆਂ ਵਿਚੋਂ ਕਿਸੇ ਇਕ ਪ੍ਰਵਿਰਤੀ ਬਾਰੇ ਸੰਖੇਪ ਜਾਣਕਾਰੀ ਦਿਉ।

1) ਪ੍ਰਯੋਗਵਾਦੀ ਕਵਿਤਾ

2) ਰੁਮਾਂਟਿਕ ਕਾਵਿ ਧਾਰਾ

3) ਜੁਝਾਰਵਾਦੀ ਕਵਿਤਾ

4. ਹੇਠ ਲਿਖੇ ਵਿਸ਼ਿਆਂ 'ਚ ਕਿਸੇ ਇਕ ਵਿਸ਼ੇ ਬਾਰੇ ਲੇਖ ਲਿਖੋ : 10

1) ਬੇਰੁਜ਼ਗਾਰੀ

2) ਵੱਧ ਰਿਹਾ ਪ੍ਰਦੂਸ਼ਣ

3) ਮੋਬਾਇਲ ਫ਼ੋਨ ਦਾ ਵੱਧਦਾ ਪ੍ਰਯੋਗ

4) ਵਿਦਿਆਰਥੀ ਅਤੇ ਰਾਜਨੀਤੀ।

5. 1) ਕੋਈ ਪੰਜ ਵਿਸਰਾਮ ਚਿੰਨ੍ਹਾਂ ਦੀ ਵਰਤੋਂ ਕਰਦਿਆਂ ਵਾਕ ਬਣਾਉ। 5

2) ਵਾਕ ਕਿਸਨੂੰ ਆਖਦੇ ਹਨ? ਵਾਕ ਦੀਆਂ ਕਿਸਮਾਂ ਬਿਆਨ ਕਰੋ। 5

3) ਹੇਠ ਲਿਖੇ ਮੁਹਾਵਰਿਆਂ ਵਿਚੋਂ ਕੋਈ ਪੰਜ ਮੁਹਾਵਰਿਆਂ ਦੇ ਅਰਥ ਦੱਸਦਿਆਂ, ਉਨ੍ਹਾਂ ਨੂੰ ਵਾਕਾਂ ਵਿਚ ਵਰਤੋ : 5
ਅੱਖਾਂ ਮੀਟ ਜਾਣਾ, ਹੱਥ ਮੱਲਣੇ, ਈਦ ਦਾ ਚੰਨ ਹੋਣਾ, ਸਾਹ ਸੁੱਕਣਾ, ਹੱਥ ਤੰਗ ਹੋਣਾ, ਤੱਤੀ ਵਾ ਨਾ ਲੱਗਣੀ, ਪਾਣੀ ਪਾਣੀ ਹੋਣਾ।

ਨਨਨਨ